# ਮੂਲ ਮੰਤਰ

## The Fundamental Holy Hymn

ੴ

ੴ ਸਤਿ ਨਾਮੁ ਕਰਤਾ
ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ
ਸੈਭੰ ਗੁਰ ਪ੍ਰਸਾਦਿ॥

### mool maNtar

ik onkaar sa(i)t naam kartaa purkh(u) nirbhu nirvair(u) akaal moora(i)t ajoonee saibhaNg gurprsaa(i)d

There is only one God
Whose name is Truth
The Creator
Without fear
Without malice
Omnipresent and pervasive
Timeless and eternal
Self existent - Self illuminated
Realised by the blessing of the Guru.

ਵਾਹਿਗੁਰੂ, ਪ੍ਰਮਾਤਮਾ, ਈਸ਼ਵਰ ਇੱਕ ਹੈ। ਉਸ ਦਾ ਨਾਮ ਸੱਚਾ ਹੈ। ਉਹ ਆਪ ਖੁਦ ਰਚਨਹਾਰ ਹੈ। ਉਸ ਨੂੰ ਕਿਸੇ ਦਾ ਡਰ ਨਹੀਂ। ਉਸ ਨੂੰ ਕਿਸੇ ਨਾਲ ਵੈਰ ਨਹੀਂ। ਉਹ ਹਰ ਥਾਂ ਹਾਜ਼ਰ ਹੈ ਅਤੇ ਉਸ ਤੇ ਸਮੇਂ ਦਾ ਅਸਰ ਨਹੀਂ ਹੁੰਦਾ। ਉਹ ਜਨਮ ਮਰਨ ਤੋਂ ਰਹਿਤ ਹੈ। ਉਸ ਦਾ ਆਪਣੇ ਆਪ ਤੋਂ ਪ੍ਰਕਾਸ਼ ਹੋਇਆ ਹੈ। ਵਾਹਿਗੁਰੂ ਦਾ ਮਿਲਾਪ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ।

# ਸਿੱਖ ਕੌਮੀ ਸੋਹਿਲਾ sikhkh kaumee sohilaa
## Sikh National Anthem

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋ।
ਨਾ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ।
ਅਰੁ ਸਿਖ ਹੌ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ।

{ਦਸਮ ਗ੍ਰੰਥ - ਪੰਨਾ ੯੯ - ਚੰਡੀ ਚਰਿਤ੍ਰ - ਸ੍ਵੈਯਾ ੨੩}

deh sivaa bar mohi ihai subh karman te kabhooN naa taro.
naa daro ari so jab jaai laro nischai kar apnee jeet karo.
aru sikh hau aapne man kau ih laalach hu gun tau uchro.
jab aav kee audh nidhaan banai at hee ran mai tab joojh maro.

Grant me this boon o' God, from thy greatness
May I never refrain from righteous acts.
May I fight, without fear all evils in life's battle
With confident courage claiming the victory!
May my highest ambition be singing Thy praises.
And may Thy glory be grained in my mind.
When this mortal life reaches its limits.
May I die fighting with limitless courage!



# ਪੰਜ ਤਖ਼ਤ paNj takhat
# Five Thrones

1. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਪੰਜਾਬ, ਭਾਰਤ
   sree akaal takhat saahib, aNmritsar, panjaab, bhaarat
   Sri Akal Takhat Sahib, Amritsar, Panjab, India

2. ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ, ਅੰਨਦਪੁਰ ਸਾਹਿਬ, ਜ਼ਿਲਾ ਰੂਪ ਨਗਰ, ਪੰਜਾਬ, ਭਾਰਤ
   takhat sree kes garhh saahib, aNandpur saahib, zilaa roopnagar, paNjaab, bhaarat
   Takhat Sri Kes Garh Sahib, Anandpur Sahib, District Rupnagar, Panjab, India


3. ਤਖ਼ਤ ਸ੍ਰੀ ਸੱਚ ਖੰਡ ਹਜ਼ੂਰ ਸਾਹਿਬ, ਅਬਚਲ ਨਗਰ, ਨੰਦੇੜ, ਮਹਾਂਰਾਸ਼ਟਰ, ਭਾਰਤ
   takhat sree sachch khaNd hazoor saahib, abchal nagar, nanderh, mahaanraashtar, bhaarat
   Takhat Sri Sach Khand Hazur Sahib, Abchal Nagar, Nanded, Maharashtra, India

4. ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ, ਬਿਹਾਰ, ਭਾਰਤ
   takhat sree har(i)maNdar saahib, patnaa, bihaar, bhaarat
   Takhat Sri Harmandar Sahib, Patna, Bihar, India

5. ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਜ਼ਿਲਾ ਬਠਿੰਡਾ, ਪੰਜਾਬ, ਭਾਰਤ
   takhat sree damdamaa saahib, talvaNdee saabo, zilaa bathiNdaa, paNjaab, bhaarat
   Takhat Sri Damdama Sahib, Talwandi Sabo, District Bathinda, Panjab, India

## ਦਸਾਂ ਗੁਰੂਆਂ ਦੇ ਨਾਂ dasaan gurooaan de naan

# The names of ten gurus



1. ਸ੍ਰੀ ਗੁਰੂ ਨਾਨਕ ਦੇਵ ਜੀ ।
   sree guroo naanak dev jee.
   Sri Guru Nanak Dev Ji.

2. ਸ੍ਰੀ ਗੁਰੂ ਅੰਗਦ ਦੇਵ ਜੀ ।
   sree guroo aNgad dev jee.
   Sri Guru Angad Dev Ji.

3. ਸ੍ਰੀ ਗੁਰੂ ਅਮਰ ਦਾਸ ਜੀ ।
   sree guroo amar daas jee.
   Sri Guru Amar Das Ji.

4. ਸ੍ਰੀ ਗੁਰੂ ਰਾਮ ਦਾਸ ਜੀ ।
   sree guroo raamdaas jee.
   Sri Guru Ram Das Ji.

5. ਸ੍ਰੀ ਗੁਰੂ ਅਰਜਨ ਦੇਵ ਜੀ ।
   sree guroo arjan dev jee.
   Sri Guru Arjan Dev Ji.


6. ਸ੍ਰੀ ਗੁਰੂ ਹਰਿ ਗੋਬਿੰਦ ਜੀ ।
   sree guroo har(i) gobiNd jee.
   Sri Guru Hargobind Ji.

7. ਸ੍ਰੀ ਗੁਰੂ ਹਰਿ ਰਾਏ ਜੀ ।
   sree guroo har(i)raae jee.
   Sri Guru Har Rai Ji.

8. ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ।
   sree guroo har(i) krishan jee.
   Sri Guru Har Krishan Ji.

9. ਸ੍ਰੀ ਗੁਰੂ ਤੇਗ ਬਹਾਦਰ ਜੀ ।
   sree guroo teg bahaadar jee.
   Sri Guru Teg Bahadar Ji.

10. ਸ੍ਰੀ ਗੁਰੂ ਗੋਬਿੰਦ ਸਿੰਘ ਜੀ ।
    sree guroo gobiNd siNgh jee.
    Sri Guru Gobind Singh Ji.



# ਪੰਜ ਪਿਆਰੇ paNj piaare
# The Five Loved Ones

1. ਭਾਈ ਦਇਆ ਸਿੰਘ ਜੀ।
   bhaaee daiaa siNgh jee. Bhai Daya Singh Ji
2. ਭਾਈ ਧਰਮ ਸਿੰਘ ਜੀ।
   bhaaee dharam siNgh jee. Bhai Dharam Singh Ji
3. ਭਾਈ ਹਿੰਮਤ ਸਿੰਘ ਜੀ।
   bhaaee hiNmat siNgh jee. Bhai Himat Singh Ji
4. ਭਾਈ ਮੁਹਕਮ ਸਿੰਘ ਜੀ।
   bhaaee muhkam siNgh jee. Bhai Mukam Singh Ji
5. ਭਾਈ ਸਾਹਿਬ ਸਿੰਘ ਜੀ।
   bhaaee saahib siNgh jee. Bhai Sahib Singh Ji


## ਚਾਰ ਸਾਹਿਬਜ਼ਾਦੇ chaar saahibzaade
## Four Princes

The names of four sons of Guru Gobind Singh Ji




1. ਸਾਹਿਬ ਅਜੀਤ ਸਿੰਘ ਜੀ।
   saahib ajeet siNgh jee. Sahib Ajit Singh Ji
2. ਸਾਹਿਬ ਜੁਝਾਰ ਸਿੰਘ ਜੀ।
   saahib jujhaar siNgh jee. Sahib Jujhar Singh Ji
3. ਸਾਹਿਬ ਜ਼ੋਰਾਵਰ ਸਿੰਘ ਜੀ।
   saahib zoraavar siNgh jee. Sahib Zoravar Singh Ji
4. ਸਾਹਿਬ ਫ਼ਤਹਿ ਸਿੰਘ ਜੀ।
   saahib fatah(i) siNgh jee. Sahib Fateh Singh Ji

## ਪੰਜ ਕਕਾਰ paNj kakaar
## Five K's (Sikh Symbols)



1. ਕੇਸ - kes - uncut hair
2. ਕਿਰਪਾਨ - kirpaan - sword
3. ਕਛਹਿਰਾ - kachahiraa - shorts
4. ਕੰਘਾ - kaNghaa - comb
5. ਕੜਾ - karhaa - steel bracelet

## ਚਾਰ ਕੁਰਹਿਤਾਂ chaar kurahitaan
## Four Misconducts



1. ਕੇਸਾਂ ਦੀ ਬੇਅਦਬੀ - kesaan dee beadbee
   Not to cut, trim or remove hair.

2. ਕੁੱਠਾ ਖਾਣਾ - kuththaa khaanhaa
   Not to eat halal (kosher) meat.

3. ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ
   par istaree jaan par pursh daa bhognhaa
   Not to have illegitimate sexual relationship.

4. ਤੰਬਾਕੂ ਦਾ ਵਰਤਣਾ - taNbaakoo daa vartnhaa
   Not to consume tobacco in any form.


# ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਹਨ। ਸਿੱਖਾਂ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਤੋਂ ਹੀ ਗੁਰੂ ਸਾਹਿਬਾਨ ਦੇ ਖੁਸ਼ੀਆਂ ਭਰਪੂਰ ਦਰਸ਼ਨ ਹੁੰਦੇ ਹਨ। ਸਿੱਖ ਕੌਮ ਸਿਵਾਏ ਗੁਰੂ ਗ੍ਰੰਥ ਸਾਹਿਬ ਦੇ, ਹੋਰ ਕਿਸੇ ਨੂੰ ਮੱਥਾ ਨਹੀਂ ਟੇਕਦੀ। ਗੁਰੂ ਸਾਹਿਬ ਆਪਣੇ ਤੋਂ ਵੱਧ ਸਤਿਕਾਰ ਸ਼ਬਦ ਬਾਣੀ ਅਤੇ ਬੀੜ ਨੂੰ ਦੇਂਦੇ ਸਨ। ਗੁਰੂ ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ 8 ਅਕਤੂਬਰ 1708 ਤੋਂ ਲਾਉਣਾ ਆਰੰਭ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਅਬਚਲ ਨਗਰ ਨਾਦੇੜ ਵਿਖੇ ਆਦਿ ਗ੍ਰੰਥ ਨੂੰ ਗੁਰਿਆਈ ਦੇ ਦਿੱਤੀ ਸੀ। ਉਦੋਂ ਤੋਂ ਇਹ ਗੁਰੂ ਦੇ ਸਿੱਖਾਂ ਲਈ ਸਾਕਾਰ ਰੂਪ ਗੁਰੂ ਹਨ। ਇਹਨਾਂ ਤੋਂ ਲਿਆ ਵਾਕ ਗੁਰੂ ਦਾ ਹੁਕਮ ਹੈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਆਪ ਰਚੀ, ਭਗਤਾਂ ਦੀ ਬਾਣੀ ਸੰਭਾਲੀ ਤੇ ਲਿਖੀ ਅਤੇ ਫਿਰ ਬੀੜ ਬੰਨ੍ਹ ਕੇ ਗੁਰੂ ਗ੍ਰੰਥ ਸਾਹਿਬ ਦਾ ਰੂਪ ਦਿੱਤਾ।

ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ 30 ਅਗਸਤ 1604 ਨੂੰ ਹੋਇਆ ਸੀ। ਲਿਖਾਰੀ ਭਾਈ ਗੁਰਦਾਸ ਜੀ ਸਨ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ।





# ਅਨਮੋਲ ਬਚਨ

- ਸਦਾ ਘੱਟ ਬੋਲੋ। ਦੂਜੇ ਨੂੰ ਸੁਣਨ ਦੀ ਆਦਤ ਪਾਓ।
- ਕਾਹਲ, ਗੁਸੇ ਜਾਂ ਘਬਰਾਹਟ ਵਿਚ ਸੁਚੇਤ ਰਹੋ ਅਤੇ ਕੋਈ ਅਜੇਹਾ ਕੰਮ ਨਾ ਕਰੋ ਜਿਸ ਨਾਲ ਤੁਹਾਨੂੰ ਬਾਅਦ ਵਿਚ ਪਛਤਾਉਣਾ ਪਵੇ।
- ਗ਼ਲਤੀ ਹੋ ਜਾਏ ਤਾਂ ਮਾਫ਼ੀ ਮੰਗ ਲਵੋ। ਅਫਸੋਸ ਹੈ ਜਾਂ ਖੇਦ ਹੈ, ਕਹਿਣ ਵਿਚ ਕੋਈ ਹਰਜ਼ ਨਹੀਂ।
- ਹਰ ਸਮੇਂ ਵਾਹਿਗੁਰੂ ਨੂੰ ਅੰਗ ਸੰਗ ਰੱਖੋ ਅਤੇ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਰਦਾਸ ਕਰੋ।
- ਕਿਸੇ ਨੂੰ ਰੋਕਣ ਜਾਂ ਟੋਕਣ ਸਮੇਂ, ਮਾਫ਼ ਕਰਨਾ ਜਾਂ ਖਿਮਾ ਕਰਨਾ ਜ਼ਰੂਰ ਕਵ੍ਹੋ।
- ਮਿਲਣ ਸਮੇਂ ਸਤਿ ਸ੍ਰੀ ਅਕਾਲ ਕਹਿਣੀ ਨਾ ਭੁੱਲੋ।
- ਕਿਰਪਾ, ਮਿਹਰਬਾਨੀ, ਹਾਂ ਜੀ ਅਤੇ ਜੀ ਸ਼ਬਦਾਂ ਦੀ ਵਰਤੋਂ ਕਰਨੀ ਵੱਡਾ ਗੁਣ ਹੈ।
- ਵੇਲੇ ਸਿਰ ਸ਼ੁਕਰੀਆ ਜਾਂ ਧੰਨਵਾਦ ਜ਼ਰੂਰ ਕਰੋ।
- ਭੈਣ ਜੀ, ਭਰਾ ਜੀ, ਵੀਰ ਜੀ, ਕਾਕਾ ਜੀ, ਬੀਬਾ ਜੀ, ਬੀਬੀ ਜੀ, ਮਾਸੀ ਜੀ, ਬਾਬਾ ਜੀ, ਚਾਚਾ ਜੀ ਆਦਿ ਸੰਬੋਧਨ ਕਰਨ ਵਾਲੇ ਸ਼ਬਦਾਂ ਦਾ ਪ੍ਰਯੋਗ ਕਰੋ।
- ਹਮੇਸ਼ਾ ਲੋੜ ਅਨੁਸਾਰ ਕੂੜੇਦਾਨ ਦੀ ਵਰਤੋਂ ਕਰੋ।
- ਸ਼ੁਭ ਇਛਾਵਾਂ:
  * ਵਾਹਿਗੁਰੂ ਤੁਹਾਨੂੰ ਸਿਹਤ ਬਖ਼ਸ਼ੇ
  * ਜਨਮ ਦਿਨ ਦੀ ਵਧਾਈ
  * ਨਵਾਂ ਸਾਲ ਮੁਬਾਰਕ
  * ਵਿਸਾਖੀ ਪੁਰਬ ਦੀਆਂ ਸ਼ੁਭ ਇਛਾਵਾਂ
  * ਵਾਹਿਗੁਰੂ ਤੁਹਾਨੂੰ ਕਾਮਯਾਬੀ ਬਖ਼ਸ਼ੇ
  * ਤੁਹਾਡੇ ਸੁਰਖਿਅਤ ਤੇ ਸੁਹਾਵਣੇ ਸਫ਼ਰ ਲਈ ਪ੍ਰਾਥਣਾ